Punjab Government Gazette

Published by Authority

No. 23] CHANDIGARH, FRIDAY, JUNE 5, 2026 (JYAISTHA 15, 1948 SAKA)

PART I

Punjab Government Notifications and Orders

ਰਾਜ ਚੋਣ ਕਮਿਸ਼ਨ, ਪੰਜਾਬ
STATE ELECTION COMMISSION, PUNJAB

✉: secpb@punjab.gov.in
https://sec.punjab.gov.in

ਐਸ.ਸੀ.ਓ: ,49ਸੈਕਟਰ 17-ਈ ,ਚੰਡੀਗੜ੍ਹ, 160017.
☎: 0172- 2771226, 2710162.

NOTIFICATION

The 3rd June, 2026

No. SEC/SAP/ET/2026/ 838.-In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal, Patiala, Distt. Patiala for general information.

ਬਾ-ਅਦਾਲਤ ਸ਼੍ਰ: ਗੁਰਦੇਵ ਸਿੰਘ ਧੰਮ ਪੀ.ਸੀ.ਐਸ. ਇਲੈਕਸ਼ਨ ਟ੍ਰਿਬਿਊਨਲ -ਕਮ-ਉਪ ਮੰਡਲ ਮੈਜਿਸਟਰੇਟ

ਪਟਿਅਲਾ

ਮਿਸਲ ਨੰਬਰ 01/ ਚੋਣ ਰਜੂਆ 27/11/2024 ਫੈਸਲਾ 10/5/2026

ਨਛੱਤਰ ਕੌਰ ਉਮਰ 50 ਸਾਲ ਪਤਨੀ ਸੇਵਾ ਦਾਸ ਵਾਸੀ ਸਲੇਮੁਪਰ ਬ੍ਰਹਮਣਾ ਤਹਿਸੀਲ ਵਾ ਜਿਲ੍ਹਾ ਪਟਿਆਲਾ।

ਪਟੀਸ਼ਨਰ.....

ਬਨਾਮ

1. ਸਿੰਦਰ ਕੌਰ ਪਤਨੀ ਪਰਮਦੀਪ ਸਿੰਘ ਵਾਸੀ ਸਲੇਮੁਪਰ ਬ੍ਰਹਮਣਾ ਤਹਿਸੀਲ ਵਾ ਜਿਲ੍ਹਾ ਪਟਿਆਲਾ।
2. ਪ੍ਰਜਇਡਿੰਗ ਅਫਸਰ ਆਫ ਪੰਚਾਇਤ ਇਲੈਕਸ਼ਨ ਪਿੰਡ ਸਲੇਮਪੁਰ ਬ੍ਰਹਮਣਾ ਤਹਿਸੀਲ ਵਾ ਜਿਲ੍ਹਾ ਪਟਿਆਲਾ।

ਰਸਪਾਡੈਂਟ.....

ਹੁਕਮ:-

ਪਟੀਸ਼ਨਰ ਨਛੱਤਰ ਕੌਰ ਪਿੰਡ ਸਲੇਮੁਪੁਰ ਬ੍ਰਹਮਣਾ ਤਹਿਸੀਲ ਵਾ ਜਿਲ੍ਹਾ ਪਟਿਆਲਾ ਵਲੋਂ ਮਿਤੀ 27/11/2024 ਨੂੰ ਦਾਇਰ ਕੀਤੀ ਗਈ ਪਟੀਸ਼ਨ ਦੀ ਸੁਣਵਾਈ ਕਰਨ ਉਪਰੰਤ ਅੱਜ ਮਿਤੀ 10/5/2026 ਨੂੰ ਦਫਤਰ ਉਪ ਮੰਡਲ ਮੈਜਿਸਟਰੇਟ ਪਟਿਆਲਾ ਦੀ ਕੋਰਟ ਰੂਮ ਕਮਰਾ ਨੰਬਰ 204 ਵਿੱਚ ਰੀ-ਕਾਊਟਿੰਗ ਵਿੱਚ ਸਵੇਰੇ 11.00 ਵਜੇ ਰੱਖੀ ਗਈ ਸੀ ।ਮੌਕਾ ਪਰ ਸ਼੍ਰੀ ਗੌਰਵ ਸਿੰਗਲਾ ਨਾਇਬ ਤਹਿਸੀਲਦਾਰ ਪਟਿਆਲਾ, ਸ਼੍ਰੀ ਓਕਾਰਦੀਪ ਸਿੰਘ ਫੰਕਸ਼ਨਲ ਮੈਨੇਜਰ ਜਿਲ੍ਹਾ ਉਦਯੋਗ ਕੇਂਦਰ ਪਟਿਆਲਾ, ਸ਼੍ਰੀ ਗੁਰਵਿੰਦਰ ਸਿੰਘ ਈ.ਟੀ.ਟੀ. ਟੀਚਰ ਸਰਕਾਰੀ ਐਲੀਮੈਂਟਰੀ ਸਕੂਲ ਚਿੜਵੀ ਅਤੇ ਜਰਨੈਲ ਸਿੰਘ ਜੂਨੀਅਰ ਸਹਾਇਕ ਦਫਤਰ ਕਾਰਜਕਾਰੀ ਇੰਜੀਨੀਅਰ (PWD) B&R ਨਾਭਾ ਹਾਜਰ ਅਧਿਕਾਰੀਆਂ /ਕਰਮਚਾਰੀਆਂ ਦੀ ਹਾਜਰੀ ਵਿੱਚ ਪਿੰਡ ਸਲੇਮਪੁਰ ਬ੍ਰਹਮਣਾ ਦੀ ਸਰਪੰਚ ਦੀ ਚੋਣ ਸਬੰਧੀ ਰੀ-ਕਾਊਟਿੰਗ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਮੋਕਾ ਪਰ ਹਾਜਰ ਨੁਮਾਇੰਦਿਆ ਦੀ ਹਾਜਰੀ ਲਗਵਾਈ ਗਈ। ਰੀ-ਕਾਊਟਿੰਗ ਸਮੇਂ ਪਟੀਸ਼ਨਰ ਨਛੱਤਰ ਕੌਰ ਹਾਜਰ ਅਦਾਲਤ ਆਈ ਉਮੀਦਵਾਰ ਸਿੰਦਰ ਕੌਰ ਜਾਂ ਉਸਦਾ ਕੋਈ ਵੀ ਪੈਰੋਕਾਰ ਹਾਜਰ ਨਹੀ ਹੋਇਆ, ਫਿਰ ਵੀ ਉਮੀਦਵਾਰ ਸਿੰਦਰ ਕੌਰ ਨੂੰ ਕਈ ਵਾਰ ਉਸਦੇ ਮੋਬਾਇਲ ਨੰਬਰ 99158-33373 ਪਰ ਸਪੰਰਕ ਕਰਨ ਦੀ ਕੋਸਿਸ ਕੀਤੀ ਗਈ, ਪ੍ਰੰਤੂ ਉਮੀਦਵਾਰ ਸਿੰਦਰ ਕੌਰ ਦਾ ਮੋਬਾਇਲ ਫੋਨ ਬੰਦ ਆਇਆ।

ਜਿਸ ਕਰਕੇ ਰੀ-ਕਾਊਟਿੰਗ ਦਾ ਕੰਮ ਮੋਕਾ ਪਰ ਹਾਜਰ ਸ਼੍ਰੀ ਗੋਰਵ ਬਾਂਸਲ ਨਾਇਬ ਤਹਿਸੀਲਦਾਰ ਪਟਿਆਲਾ ਦੀ ਹਾਜਰੀ ਵਿੱਚ ਸੁਰੂ ਕਰਵਾਇਆ ਗਿਆ। ਰੀ-ਕਾਊਟਿੰਗ ਕਰਦੇ ਸਮੇਂ ਲਗਾਤਾਰ ਵੀਡਿਓ ਗ੍ਰਾਫੀ ਵੀ ਕੀਤੀ ਗਈ। ਰੀ-ਕਾਉਂਟਿੰਗ ਸਮੇਂ ਜਦੋ ਪਿੰਡ ਸਲੇਮਪੁਰ ਬ੍ਰਹਮਣਾ ਦੇ ਸਰਪੰਚ ਦੀ ਚੋਣ ਵਾਲਾ ਲਿਫਾਫਾ ਖੋਲਿਆਂ ਦਾ ਪੜ੍ਹਤਾਲ ਸਮੇਂ ਪਾਇਆ ਗਿਆ ਕਿ ਪ੍ਰਜਾਇਡਿੰਗ ਵਲੋਂ ਅੰਕਿਤਾਂ IX ਵਿੱਚ ਕੁੱਲ 449 ਵੋਟਾ ਪੋਲ ਹੋਈਆ ਜਿਹਨਾਂ ਵਿਚੋਂ ਉਮੀਦਵਾਰ ਸਿੰਦਰ ਕੌਰ ਨੂੰ 219 ਵੋਟਾ ਪਈਆਂ ਦਰਸਾਈਆਂ ਹੋਈਆਂ ਹਨ, ਉਮੀਦਵਾਰ ਨਛੱਤਰ ਕੋਰ ਨੂੰ 218 ਵੋਟਾਂ ਪਈਆਂ ਹੋਈਆਂ ਦਰਸਾਈਆਂ ਹੋਈਆਂ ਹਨ ਅਤੇ ਤੀਜੀ ਉਮੀਦਵਾਰ ਰੀਨਾ ਰਾਣੀ ਨੂੰ ਸਿਰਫ । ਵੋਟ ਪਈ ਹੋਈ ਦਿਖਾਈ ਹੋਈ ਹੈ ਅਤੇ 11 ਵੋਟਾ ਰੱਦ ਦਰਸਾਈਆਂ ਹੋਈਆਂ ਹਨ ਅਤੇ ਪ੍ਰਜਾਇਡਿੰਗ ਅਫਸਰ ਵਲੋ ਉਮੀਦਵਾਰ ਸਿੰਦਰ ਕੋਰ ਨੂੰ ਜੇਤੂ ਕਰਾਰ ਦਿੱਤਾ ਹੋਇਆ ਹੈ।

ਰੀ- ਕਾਊਟਿੰਗ ਕਰਨ ਸਮੇਂ ਉਮੀਦਵਾਰਾਂ ਨੂੰ ਪਈਆਂ ਵੋਟਾ ਦੀ ਛਾਂਟੀ ਕਰਨ ਸਮੇਂ ਪਾਇਆ ਗਿਆ ਕਿ ਜੋ ਉਮੀਦਵਾਰ ਸਿੰਦਰ ਕੋਰ ਨੂੰ 219 ਵੋਟਾ ਪਈਆਂ ਦਰਸਾਈਆਂ ਹੋਈਆਂ ਹਨ, ਜਿਹਨਾਂ ਵਿਚੋਂ ਰੀ-ਕਾਊਟਿੰਗ ਸਮੇਂ ਇੱਕ ਵੋਟ ਪੜਤਾਲ ਕਰਨ ਤੇ ਰੱਦ ਕੀਤੀ ਗਈ ਕਿਉਕਿ ਉਸ ਵੋਟ ਪਰ ਐਕਸ ਮਾਰਕ ਦਾ ਨਿਸਾਨ ਨਹੀ ਸੀ।

ਰੀ-ਕਾਊਟਿੰਗ ਸਮੇਂ ਉਮੀਦਵਾਰ ਸਿੰਦਰ ਕੌਰ ਨੂੰ 218 ਵੋਟਾ, ਉਮੀਦਵਾਰ ਨਛੱਤਰ ਕੋਰ ਨੂੰ 218 ਵੋਟਾ ਅਤੇ ਤੀਜੀ ਉਮੀਦਵਾਰ ਰੀਨਾ ਰਾਣੀ ਨੂੰ ਸਿਰਫ ਇੱਕ ਵੋਟ ਪਈ ਸਿੱਧ ਹੋਈ ਹੈ। ਰੀ-ਕਾਊਟਿੰਗ ਸਮੇਂ 12 ਵੋਟਾ ਰੱਦ ਕੀਤੀਆ ਗਈਆਂ ਹਨ ਦੀ ਪੜਤਾਲ ਕਰਨ ਤੇ ਪਾਇਆ ਗਿਆ ਕਿ ਇਹਨਾਂ ਵਿਚੋਂ ਕੁਝ ਬੈਲਟ ਪੇਪਰ ਉਪਰ ਵੋਟਰ ਦਾ ਅੰਗੂਠਾ ਲੱਗਾ ਹੋਇਆ ਸੀ, ਕੁਝ ਵੋਟਾ ਪਰ ਐਕਸ ਮਾਰਕ ਨਾ ਹੋਣ ਕਰਕੇ ਖਾਲੀ ਸਨ ਅਤੇ ਕੁਝ ਬੈਲਟ ਪੇਪਰਾਂ ਪਰ ਐਕਸ ਮਾਰਕ ਦਾ ਨਿਸਾਨ ਇੱਕ ਤੋਂ ਵੱਧ ਥਾਂ ਤੇ ਲੱਗਾ ਹੋਇਆ ਸੀ।ਇਹ ਰੱਦ ਹੋਈਆਂ 12 ਵੋਟਾ ਵਿਚੋ ਹਰ ਇੱਕ ਵੋਟ ਦੀ ਵੀਡਿਓ ਗ੍ਰਾਫੀ ਕੀਤੀ ਗਈ ਹੈ।

ਉਮੀਦਵਾਰ ਸਿੰਦਰ ਕੌਰ 218 ਅਤੇ ਉਮੀਦਵਾਰ ਨਛੱਤਰ ਕੋਰ ਨੂੰ 218 ਬਰਾਬਰ ਬਰਾਬਰ ਵੋਟਾ ਹੋਣ ਕਰਕੇ ਲਾਟ ਦੀ ਵਿਧੀ ਰਾਹੀਂ ਦੋਨੋ ਉਮੀਦਵਾਰਾਂ ਦੇ ਨਾਮ ਦੀਆਂ ਪਰਚੀਆਂ ਪਾ ਕੇ ਰਿਜਲਟ ਕੱਢਿਆ ਗਿਆ ਜਿਸ ਵਿੱਚ ਉਮੀਦਵਾਰ ਨਛੱਤਰ ਕੌਰ ਜੇ

ਤੂ ਰਹੀ ਅਤੇ ਇਸ ਪ੍ਰਕਿਰਿਆ ਦੀ ਵੀਡਿਓ ਗ੍ਰਾਫੀ ਵੀ ਕੀਤੀ ਗਈ ਅਤੇ ਮੋਕਾ ਪਰ ਹਾਜਰ ਉਮੀਦਵਾਰ ਦੇ ਦਸਤਖਤ ਵੀ ਕਰਵਾਏ ਗਏ। ਲਿਹਾਜਾ ਮਿਸਲ ਬਾਅਦ ਤਰਤੀਬ ਦਾਖਲ ਰਿਕਾਰਡ ਰੂਮ ਹੋਵੇ।

ਸਹੀ/-
ਇਲੈਕਸ਼ਨ ਟ੍ਰਿਬਿਊਨਲ,
ਕਮ- ਉਪ ਮੰਡਲ ਮੈਜਿਸਟਰੇਟ,
ਪਟਿਆਲਾ।

3735/6-2026/Pb. Govt. Press, S.A.S. Nagar